BRAMPTON **Service and Information Update**

23 ਨਵੰਬਰ, 2023

# ਬ੍ਰੈਂਪਟਨ ਸਿਟੀ ਕਾਉਂਸਿਲ ਨੇ ਨਵੇਂ ਐਨੀਮਲ ਸਰਵਿਸਿਜ ਬਾਇ-ਲਾਅ ਨੂੰ ਪ੍ਰਵਾਨਗੀ ਦਿੱਤੀ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਨਵੇਂ ਵਿਆਪਕ ਐਨੀਮਲ ਸਰਵਿਸਿਜ ਬਾਇ-ਲਾਅ (Animal Services By-Law) ਨੂੰ ਪ੍ਰਵਾਨਗੀ ਦਿੱਤੀ ਹੈ, ਜਿਸ ਵਿੱਚ ਕਈ ਬਦਲਾਅ ਪੇਸ਼ ਕੀਤੇ ਜਾਣਗੇ।

ਨਵੇਂ ਐਨੀਮਲ ਸਰਵਿਸਿਜ ਬਾਇ-ਲਾਅ ਨੂੰ ਅਮਲੀ ਰੂਪ ਦੇਣ ਨਾਲ, ਵਸਨੀਕਾਂ ਅਤੇ ਜਾਨਵਰਾਂ ਸਮੇਤ, ਕਮਿਊਨਿਟੀ ਦੀ ਰੱਖਿਆ ਕਰਨ ਦੀ ਸਿਟੀ ਦੀ ਸਮਰੱਥਾ ਵਧੇਗੀ। ਇਸ ਵਾਸਤੇ ਘਰੇਲੂ ਪਾਲਤੂ ਜਾਨਵਰਾਂ ਅਤੇ ਜੰਗਲੀ ਜਾਨਵਰਾਂ ਦੀ ਦੇਖਭਾਲ ਕਰਨ ਅਤੇ ਉਹਨਾਂ ਨਾਲ ਇੰਟਰਐਕਟ ਕਰਨ ਵਿੱਚ ਸਰਬੋਤਮ ਪੱਧਤੀਆਂ ਦਾ ਇਸਤੇਮਾਲ ਕੀਤਾ ਜਾਵੇਗਾ।

ਐਨੀਮਲ ਸਰਵਿਸਿਜ ਬਾਇ-ਲਾਅ, ਉਹਨਾਂ ਮੌਜੂਦਾ ਮੁੱਦਿਆਂ ਤੇ ਧਿਆਨ ਦੇਵੇਗਾ, ਜਿਹਨਾਂ ਦਾ ਸਿਟੀ, ਪਬਲਿਕ ਸੁਰੱਖਿਆ ਅਤੇ ਜਾਨਵਰਾਂ ਦੀ ਭਲਾਈ ਦੇ ਸਬੰਧ ਵਿੱਚ ਸਾਮ੍ਹਣਾ ਕਰ ਰਹੀ ਹੈ।

ਤੁਰੰਤ ਪ੍ਰਭਾਵੀ ਹੋਣ ਵਾਲੇ, ਇਸ ਐਨੀਮਲ ਸਰਵਿਸਿਜ ਬਾਇ-ਲਾਅ ਹੇਠ, ਹੇਠਾਂ ਦਿੱਤੇ ਬਦਲਾਅ ਪ੍ਰਭਾਵੀ ਹੋਣਗੇ:

**ਜਾਨਵਰਾਂ ਦੀ ਸੰਖਿਆ**

- ਹਰੇਕ ਘਰ ਲਈ ਵੱਧ ਤੋਂ ਵੱਧ ਛੇ ਜਾਨਵਰਾਂ ਦੀ ਇਜਾਜ਼ਤ ਹੈ, ਤਿੰਨ ਤੋਂ ਵੱਧ ਕੁੱਤੇ ਨਹੀਂ ਰੱਖੇ ਜਾ ਸਕਦੇ।

**ਬੈਕਯਾਰਡ ਮੁਰਗੀਆਂ ਅਤੇ ਕਬੂਤਰ**

- ਜੇਕਰ ਤੁਹਾਡੇ ਕੋਲ ਦੋ ਤੋਂ ਵੱਧ ਬੈਕਯਾਰਡ ਮੁਰਗੀਆਂ ਜਾਂ ਕਬੂਤਰ ਹਨ, ਤਾਂ ਤੁਹਾਡੇ ਕੋਲ ਲਾਇਸੈਂਸ ਹੋਣਾ ਲਾਜ਼ਮੀ ਹੈ।
- ਜੇਕਰ ਤੁਹਾਡੇ ਕੋਲ ਦੋ ਜਾਂ ਘੱਟ ਹਨ, ਤਾਂ ਤੁਹਾਡੇ ਲਈ ਕੂਪ ਰਜਿਸਟਰ ਕਰਨਾ ਲਾਜ਼ਮੀ ਹੈ।

**ਜੰਗਲੀ ਜਾਨਵਰਾਂ ਨੂੰ ਭੋਜਨ ਖਵਾਉਣਾ**

- ਬ੍ਰੈਂਪਟਨ ਵਿੱਚ ਜੰਗਲੀ ਜਾਨਵਰਾਂ ਨੂੰ ਭੋਜਨ ਖਵਾਉਣ ਤੇ ਪਾਬੰਦੀ ਹੈ। ਜੰਗਲੀ ਜਾਨਵਰਾਂ ਨੂੰ ਭੋਜਨ ਖਵਾਉਣ ਨਾਲ ਉਹ ਅਸਾਨੀ ਨਾਲ ਲੋਕਾਂ ਕੋਲ ਜਾਣ ਲਈ ਆਕਰਸ਼ਿਤ ਹੁੰਦੇ ਹਨ।

**ਜਦੋਂ ਕੁੱਤੇ ਮਾਲਕ ਦੀ ਪ੍ਰਾਪਰਟੀ ਤੇ ਹੋਣ ਤਾਂ ਉਹਨਾਂ ਦਾ ਨਿਯੰਤਰਣ**

- ਜੋ ਜਾਨਵਰ ਪ੍ਰਾਪਰਟੀ ਤੇ ਹੋਣ ਅਤੇ ਜੰਜੀਰ ਨਾਲ ਬੰਨ੍ਹੇ ਨਾ ਹੋਣ, ਤਾਂ ਲਾਜ਼ਮੀ ਹੈ ਕਿ ਉਹਨਾਂ ਨੂੰ ਬੰਦ ਅਤੇ ਵਾੜ ਵਾਲੇ ਖੇਤਰ ਵਿੱਚ ਜਾਂ ਰੱਸਾ ਪਾ ਕੇ ਰੱਖਿਆ ਜਾਵੇ।

**ਬੁਨਿਆਦੀ ਸਟੈਂਡਰਡਸ ਵਾਲੀ ਦੇਖਭਾਲ**

- ਤੁਹਾਡੇ ਲਈ ਆਪਣੇ ਪਾਲਤੂ ਜਾਨਵਰਾਂ ਨੂੰ ਬੁਨਿਆਦੀ ਸਟੈਂਡਰਡਸ ਵਾਲੀ ਦੇਖਭਾਲ ਪ੍ਰਦਾਨ ਕਰਨੀ ਲਾਜ਼ਮੀ ਹੈ, ਜਿਸ ਵਿੱਚ ਸ਼ਾਮਲ ਹੈ:
    - ਭੋਜਨ ਅਤੇ ਪਾਣੀ
    - ਸ਼ੈਲਟਰ
    - ਡਾਕਟਰੀ ਦੇਖਭਾਲ
    - ਕੁਦਰਤੀ ਤੌਰ ਤੇ ਘੁੰਮਣ ਜਾਂ ਐਕਸਰਸਾਈਜ ਲਈ ਥਾਂ

- ਸਾਫ-ਸਫਾਈ ਵਾਲਾ ਮਹੌਲ
- ਸਰੀਰਕ ਸੁਰੱਖਿਆ ਅਤੇ ਆਮ ਭਲਾਈ

ਪੂਰੀ ਸੂਚੀ, www.brampton.ca/animalservices ਤੇ ਦੇਖੋ।

**ਟ੍ਰੈਪ, ਨਿਊਟਰ, ਰਿਲੀਜ ਐਂਡ ਮੈਨੇਜ ਪ੍ਰੋਗਰਾਮ (ਟੀ.ਐਨ.ਆਰ.ਐਮ.) (Trap, Neuter, Release and Manage Program) (TNRM)**

- ਟੀ.ਐਨ.ਆਰ.ਐਮ. (TNRM) ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਵਾਲੇ ਵਾਲੰਟੀਅਰਾਂ ਨੂੰ, ਜੋ ਕਮਿਉਨਿਟੀ ਵਿੱਚ ਬਿੱਲੀਆਂ ਦੀ ਅਬਾਦੀ ਨੂੰ ਘਟਾਉਂਦੇ ਹਨ, ਸਨਮਾਨਿਤ ਕੀਤਾ ਜਾਵੇਗਾ ਅਤੇ ਜੰਗਲੀ ਬਿੱਲੀ ਸਬੰਧੀ ਕਲੋਨੀਆਂ ਨੂੰ ਘਟਾਉਣ ਜਾਂ ਖਤਮ ਕਰਨ ਦੇ ਉਹਨਾਂ ਦੇ ਟੀਚੇ ਵਿੱਚ ਸਹਾਇਤਾ ਦਿੱਤੀ ਜਾਵੇਗੀ।

ਨਵੇਂ ਬਾਇ-ਲਾਅ ਅਤੇ ਬ੍ਰੈਂਪਟਨ ਐਨੀਮਲ ਸਰਵਿਸਿਜ ਬਾਰੇ ਵਧੇਰੇ ਵੇਰਵਿਆਂ ਲਈ, ਕਿਰਪਾ ਕਰਕੇ www.brampton.ca/animalservices ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca